# ਪ੍ਰੈਸ ਨੋਟ

ਸ਼੍ਰੀ ਗੁਲਨੀਤ ਸਿੰਘ ਖੁਰਾਨਾ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਜਿਲਾ ਰੂਪਨਗਰ ਨੇ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 13.04.2024 ਨੂੰ ਰੇਲਵੇ ਰੋਡ, ਨੰਗਲ ਵਿਖੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਰਗਰਮ ਮੈਬਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਵਿੱਚ ਜਿਲ੍ਹਾ ਪੁਲਿਸ ਵਲੋ ਸਫਲਤਾ ਹਾਸਲ ਕੀਤੀ ਹੈ।

ਜਿੰਨਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 13.04.2024 ਨੂੰ ਦੁਕਾਨਦਾਨ ਵਿਕਾਸ ਪ੍ਰਭਾਕਰ ਉਰਫ ਵਿਕਾਸ ਬੱਗਾ, ਪ੍ਰਧਾਨ ਵਿਸ਼ਵ ਹਿੰਦੂ ਪ੍ਰੀਸ਼ਦ ਨੰਗਲ ਮੰਡਲ, ਨੂੰ ਰੇਲਵੇ ਰੋਡ ਨੰਗਲ ਜਿਲਾ ਰੂਪਨਗਰ ਵਿਖੇ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਹਮਲਾਵਰਾ ਕਾਲੇ ਰੰਗ ਦੀ ਸਕੂਟਰੀ ਤੇ ਸਵਾਰ ਸਨ। ਇਨ੍ਹਾਂ ਵਿੱਚੋਂ ਇੱਕ ਨੇ ਹੈਲਮੇਟ ਪਾਇਆ ਹੋਇਆ ਸੀ ਅਤੇ ਦੂਜੇ ਨੇ ਮਫਲਰ ਨਾਲ ਮੂੰਹ ਢੱਕਿਆ ਹੋਇਆ ਸੀ। ਉਨ੍ਹਾਂ ਦੀ ਸਕੂਟਰੀ ਵਿੱਚ ਝੰਡਾ ਲੱਗਾ ਹੋਇਆ ਸੀ। ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਨੰਗਲ ਵਿਖੇ ਮਿਤੀ 13-04-2024 ਨੂੰ ਅ/ਧ 302,34 ਆਈ.ਪੀ.ਸੀ. 25/27-54-59 ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ।

ਇਸ ਮੁਕੱਦਮਾ ਦੀ ਤਫਤੀਸ਼ ਸ਼੍ਰੀ ਗੁਲਨੀਤ ਸਿੰਘ ਖੁਰਾਣਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਰੂਪਨਗਰ ਦੀ ਨਿਗਰਾਨੀ ਹੇਠ ਦੋਸ਼ੀਆ ਦੀ ਭਾਲ ਲਈ ਵੱਖ-ਵੱਖ ਟੀਮਾ ਗਠਿਤ ਕੀਤੀਆ ਗਈਆ। ਜਿਸ ਵਿੱਚ ਐਸ.ਐਸ.ਓ.ਸੀ. ਮੋਹਾਲੀ ਦੀਆਂ ਵਿਸ਼ੇਸ਼ ਟੀਮਾਂ ਵੱਲੋਂ ਸਹਿਯੋਗ ਦਿੱਤਾ ਗਿਆ।

ਹਮਲਾਵਰਾਂ ਦੀ ਪਛਾਣ ਬਾਰੇ ਜਾਣਕਾਰੀ ਦੇਣ ਵਾਲੇ ਲਈ 1,00,000/- ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਤੋਂ ਹਾਸਲ ਕੀਤੀ ਗਈ ਫੋਟੋ ਨੂੰ ਇਲੈਕਟ੍ਰੋਨਿਕ, ਪ੍ਰਿੰਟ ਅਤੇ ਸ਼ੋਸ਼ਲ ਮੀਡੀਆ ਰਾਂਹੀ ਪ੍ਰਸਾਰਿਤ ਕੀਤਾ ਗਿਆ ਸੀ।

ਜੋ ਇਸ ਮੁਕੱਦਮਾ ਦੀ ਤਫਤੀਸ਼ ਅਸਰਦਾਰ, ਵਿਗਿਆਨਕ ਅਤੇ ਤਕਨੀਕੀ ਢੰਗਾ ਨਾਲ ਕਰਦੇ ਹੋਏ ਦੋਵਾਂ ਹਮਲਾਵਰਾ ਦੀ ਪਹਿਚਾਣ ਮਨਦੀਪ ਕੁਮਾਰ ਉਰਫ ਮੰਗੀ ਅਤੇ ਸੁਰਿੰਦਰ ਕੁਮਾਰ ਉਰਫ਼ ਰਿੱਕਾ ਵਾਸੀ ਪਿੰਡ ਸਲੋ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਜੋ ਹੋਈ ਹੈ। ਜਿਨ੍ਹਾਂ ਨੂੰ ਅੱਜ ਮਿਤੀ 16.04.2024 ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਹਨਾਂ ਪਾਸੋਂ 32 ਬੋਰ ਦੇ 2 ਪਿਸਤੌਲ, 16 ਜਿੰਦਾ ਕਾਰਤੂਸ, 01 ਖਾਲੀ ਕਾਰਤੂਸ ਅਤੇ ਅਪਰਾਧ ਵਿੱਚ ਵਰਤੀ ਗਈ ਟੀ.ਵੀ.ਐਸ. ਜੂਪੀਟਰ ਸਕੂਟਰੀ ਬਰਾਮਦ ਕੀਤੀ ਗਈ ਹੈ।

ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਇੱਕ ਦਹਿਸ਼ਤਗਰਦ ਮਾਡਿਊਲ ਹੈ, ਜਿਸ ਨੂੰ ਵਿਦੇਸ਼ੀ ਹੈਂਡਲਰਾਂ ਦੁਆਰਾ ਚਲਾਇਆ ਜਾ ਰਿਹਾ ਹੈ ਅਤੇ ਇਹ ਆਪਣੇ ਟਾਸਕ ਨੂੰ ਅੰਜਾਮ ਦੇਣ ਲਈ ਪੈਸੇ ਦੇ ਕੇ ਲੋਕਲ ਵਿਅਕਤੀਆ ਦਾ ਇਸਤੇਮਾਲ ਕਰਦੇ ਹਨ। ਇਨ੍ਹਾਂ ਵਿਦੇਸ਼ੀ ਹੈਂਡਲਰਾਂ ਨੇ ਹਮਲਾਵਰਾਂ ਨੂੰ ਵਿਕਾਸ ਪ੍ਰਭਾਕਰ ਉਰਫ ਵਿਕਾਸ ਬੱਗਾ, ਜੋ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਸਰਗਰਮ ਮੈਂਬਰ ਸੀ, ਦੇ ਕਤਲ ਕਰਨ ਦਾ ਟਾਸਕ ਦਿੱਤਾ ਸੀ।

ਇਸ ਦਹਿਸ਼ਤਗਰਦ ਮਡੀਓਲ ਵਲੋਂ ਹਮਲਾਵਰਾਂ ਨਾਲ ਵਿਕਾਸ ਬੱਗਾ ਦਾ ਟਿਕਾਣਾ ਅਤੇ ਫੋਟੋ ਸਾਂਝੀ ਕੀਤੀ ਗਈ ਸੀ ਅਤੇ ਇਹ ਆਪਸ ਵਿੱਚ ਇੱਕ ਐਨਕ੍ਰਿਪਟਡ ਐਪਸ ਰਾਹੀਂ ਲਗਾਤਾਰ ਸੰਪਰਕ ਵਿੱਚ ਸਨ। ਜਿਸ ਤੇ ਹਮਲਾਵਰਾਂ ਵੱਲੋ ਇਸ ਵਾਰਦਾਂਤਾ ਨੂੰ ਅੰਜ਼ਾਮ ਦਿੱਤਾ ਗਿਆ। ਜੋ ਇਸ ਮਾਡਿਊਲ ਨੂੰ ਚਲਾਉਣ ਵਾਲੇ ਅੱਤਵਾਦੀ ਸੰਗਠਨਾ ਬਾਰੇ ਹੋਰ ਤਫਤੀਸ਼ ਕੀਤੀ ਜਾ ਰਹੀ ਹੈ।

**ਦੋਸ਼ੀ:**

1. ਮਨਦੀਪ ਕੁਮਾਰ ਉਰਫ ਮੰਗੀ ਪੁੱਤਰ ਆਤਮਾ ਰਾਮ ਵਾਸੀ ਪਿੰਡ ਸਲੋਹ ਥਾਣਾ ਸਿਟੀ ਨਵਾਂਸ਼ਹਿਰ ਜਿਲਾ ਐਸ.ਬੀ.ਐਸ. ਨਗਰ ਉਮਰ 34 ਸਾਲ ਅਤੇ
2. ਸੁਰਿੰਦਰ ਕੁਮਾਰ ਉਰਫ ਰਿੱਕਾ ਵਾਸੀ ਪਿੰਡ ਸਲੋਹ ਥਾਣਾ ਸਿਟੀ ਨਵਾਂਸ਼ਹਿਰ ਜਿਲਾ ਐਸ.ਬੀ.ਐਸ. ਨਗਰ ਉਮਰ 30 ਸਾਲ।

**ਰਿਕਵਰੀ:**

1. 32 ਬੋਰ ਪਿਸਤੌਲ ਦੇ 02 ਹਥਿਆਰ,
2. 16 ਜ਼ਿੰਦਾ ਕਾਰਤੂਸ,
3. 01 ਖਾਲੀ ਵਰਤਿਆ ਹੋਇਆ ਕਾਰਤੂਸ ਅਤੇ
4. ਅਪਰਾਧ ਵਿੱਚ ਵਰਤੀ ਗਈ ਟੀ.ਵੀ.ਐਸ. ਜੁਪੀਟਰ ਸਕੂਟੀ

**ਅਪਰਾਧਿਕ ਰਿਕਾਰਡ:**

**1. ਮਨਦੀਪ ਕੁਮਾਰ ਉਰਫ ਮੰਗੀ:**

1. ਮੁਕੱਦਮਾ ਨੰਬਰ 83/19 ਅ/ਧ 379ਬੀ, 511, 34 ਆਈ.ਪੀ.ਸੀ. ਅਤੇ 25/54/59 ਅਸਲਾ ਐਕਟ ਥਾਣਾ ਸਿਟੀ ਨਵਾਂਸ਼ਹਿਰ।
2. ਮੁਕੱਦਮਾ ਨੰਬਰ 80/23 ਅ/ਧ 21/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਨਵਾਂਸ਼ਹਿਰ।

**2. ਸੁਰਿੰਦਰ ਕੁਮਾਰ ਉਰਫ ਰਿੱਕਾ:**

1. ਮੁਕੱਦਮਾ ਨੰਬਰ 22/14 ਅ/ਧ 457, 380 ਆਈ.ਪੀ.ਸੀ. ਥਾਣਾ ਸਿਟੀ ਨਵਾਂਸ਼ਹਿਰ।

ਇਸ ਮੁਕੱਦਮਾ ਦੀ ਅਗਲੇਰੀ ਤਫਤੀਸ ਕੀਤੀ ਜਾ ਰਹੀ ਹੈ।